# ਭੂਮਿਕਾ

ਮਾਨਵ ਦੀ ਅਧਿਆਤਮਿਕ ਉਨਤੀ ਅਤੇ ਕਲਿਆਣ ਹੇਤੂ ਭਗਤੀ, ਧਰਮ ਅਤੇ ਸੰਗੀਤ ਦੇ ਸੁਮੇਲ ਦਾ ਉੱਤਮ ਦਰਸ਼ਨ ਪੁਰਾਤਨ ਸੰਸਕ੍ਰਿਤੀ ਦੇ ਇਤਿਹਾਸ ਤੋਂ ਦੇਖਿਆ ਜਾ ਸਕਦਾ ਹੈ। ਭਗਤੀ ਭਾਵਨਾ ਆਦਿ ਕਾਲ ਤੋਂ ਹੀ ਮਾਨਵ ਜੀਵਨ ਵਿਚ ਆਰੰਭ ਹੋ ਗਈ ਸੀ, ਬਲਕਿ ਅਸੀਂ ਇਹ ਕਹਿ ਸਕਦੇ ਹਾਂ ਕਿ ਮਨੁੱਖ ਦੇ ਅੰਦਰ ਇਹ ਭਾਵਨਾ ਆਰੰਭ ਤੋਂ ਹੀ ਮੌਜੂਦ ਸੀ। ਮਾਨਵ ਨੇ ਆਪਣੇ ਜੀਵਨ ਨੂੰ ਸੁੱਖ ਸਮ੍ਰਿੱਧੀ ਨਾਲ ਭਰਪੂਰ ਕਰਨ ਲਈ ਆਪਣੇ ਨਿੱਤ ਪ੍ਰਤੀ ਦੀਆਂ ਜ਼ਰੂਰਤਾਂ ਜੋ ਕਿ ਕੁਦਰਤੀ ਸੋਮਿਆਂ ਤੋਂ ਪ੍ਰਾਪਤ ਹੋ ਰਹੀਆਂ ਸਨ, ਨੂੰ ਦੇਵਤਾ ਰੂਪ ਮੰਨ ਕੇ ਉਹਨਾਂ ਦੀ ਪੂਜਾ ਅਰਚਨਾ ਕੀਤੀ। ਇਹ ਪੂਜਾ ਅਰਚਨਾ ਧਰਮ ਦਾ ਆਧਾਰ ਬਣੀ। ਭਾਰਤੀ ਸੰਸਕ੍ਰਿਤੀ ਦਾ ਵਿਸ਼ਾਲ ਮਹੱਲ ਧਰਮ ਰੂਪੀ ਨੀਂਹ ਤੇ ਹੀ ਖੜ੍ਹਾ ਹੈ। ਭਾਰਤ ਦੀ ਵਿਸ਼ਾਲ ਸੰਸਕ੍ਰਿਤੀ ਵਿਚ ਅਨੇਕ ਧਰਮ ਹਨ ਜਿਵੇਂ ਕਿ ਹਿੰਦੂ ਧਰਮ, ਬੁੱਧ, ਜੈਨ, ਇਸਲਾਮ ਅਤੇ ਸਿੱਖ ਧਰਮ ਆਦਿ। ਹਰੇਕ ਧਰਮ ਨੇ ਆਪਣੀ-ਆਪਣੀ ਪਰੰਪਰਾ ਅਤੇ ਰੀਤੀ-ਰਿਵਾਜ਼ ਦੇ ਅਨੁਸਾਰ ਅਧਿਆਤਮਿਕ ਅਨੁਭੂਤੀ ਤਹਿਤ ਕਾਵਿ ਰਚਨਾਵਾਂ ਨੂੰ ਸੰਗੀਤ ਦੀਆਂ ਸੁਰਾਂ ਨਾਲ ਪਰੋ ਕੇ ਮਨੁੱਖਤਾ ਨੂੰ ਪਰਮਾਰਥ ਦਾ ਗਿਆਨ ਦਿੱਤਾ।

ਵੈਦਿਕ ਭਗਤੀ, ਧਰਮ ਅਤੇ ਸੰਗੀਤ ਦੀ ਮੱਧਕਾਲੀ ਪਰੰਪਰਾ ਜੋ ਕਿ ਭਗਤੀ ਲਹਿਰ ਜਾਂ ਭਗਤੀ ਅੰਦੋਲਨ ਵਜੋਂ ਜਾਣੀ ਜਾਂਦੀ ਹੈ, ਬਹੁਤ ਹੀ ਤੀਵਰ ਗਤੀ ਨਾਲ ਸਾਰਗ੍ਰਾਹੀ (ਪ੍ਰਵਾਹਿਤ) ਹੋਈ। ਸਮੁੱਚੇ ਭਾਰਤ ਵਿਚ ਭਗਤੀ ਲਹਿਰ ਦੇ ਅੰਤਰਗਤ ਸੰਤਾਂ ਅਤੇ ਸੂਫ਼ੀਆਂ ਨੇ ਅਧਿਆਤਮਿਕ ਕਾਵਿ ਰਚਨਾਵਾਂ ਨੂੰ ਸੰਗੀਤ ਦੀਆ ਭਿੰਨ-ਭਿੰਨ ਸ਼ੈਲੀਆਂ ਰਾਹੀਂ ਗਾਇਨ ਕਰਕੇ ਜਨ ਸਾਧਾਰਨ ਨੂੰ ਭਗਤੀ ਅਤੇ ਧਰਮ ਨਾਲ ਜੋੜ ਕੇ ਇਕੀਸ਼ਰਵਾਦ ਬ੍ਰਹਮ ਦੀ ਹੋਂਦ ਨੂੰ ਸਾਕਾਰ ਕੀਤਾ।

ਹਿੰਦੁਸਤਾਨੀ ਸੰਗੀਤ ਅਤੇ ਸੂਫ਼ੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਵਿਚ ਚਾਹੇ ਭਿੰਨਤਾ ਪਾਈ ਜਾਂਦੀ ਹੈ ਪਰ ਸ਼ੈਲੀਆਂ ਵਿਚ ਭਿੰਨਤਾ ਹੋਣ ਦੇ ਬਾਵਜੂਦ ਸੰਗੀਤਕ ਤੱਤਾਂ ਵਿਚ ਮੌਲਿਕ ਭੇਦ ਨਹੀਂ ਹੈ। ਸੰਗੀਤ ਦੇ ਖੇਤਰ ਵਿਚ ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਇੱਕ ਦੂਸਰੇ ਦੇ ਪੂਰਕ ਹਨ। ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੀ ਆਪਣੀ-ਆਪਣੀ ਖੁਸ਼ਬੂ ਤੇ ਨਿੱਜੀ ਅਰਥਾਂ ਨੂੰ ਛੱਡ ਕੇ, ਜਿਸ ਵਿਸ਼ੇਸ਼ ਅਰਥਾਂ ਨੂੰ ਸੂਫ਼ੀ ਅਤੇ ਹਿੰਦੁਸਤਾਨੀ ਸੰਤ ਪ੍ਰਗਟ ਕਰਦੇ ਹਨ, ਉਹ ਹੈ ਸੰਗੀਤ ਰਾਹੀਂ ਉਸ ਇਸ਼ਟ ਦੀ ਅਰਾਧਨਾ। ਸੂਫ਼ੀਆਂ ਅਤੇ ਸੰਤਾਂ ਨੇ ਅਧਿਆਤਮਿਕ ਵਿਚਾਰਾਂ ਦੀ ਅਭਿਵਿਅਕਤੀ ਲਈ ਹਿੰਦੁਸਤਾਨੀ ਸੰਗੀਤ ਅਤੇ ਸੂਫ਼ੀ ਸੰਗੀਤ ਵਿਧਾਵਾਂ ਵਿਚ ਇਸ਼ਟ ਦੀ ਅਰਾਧਨਾ ਲਈ ਕੀਰਤਨ ਵਜੋਂ ਧਰੁਪਦ, ਧਮਾਰ, ਖਿਆਲ, ਕੱਵਾਲੀ, ਗ਼ਜ਼ਲ, ਕਾਫ਼ੀ, ਨਾਂਅਤ, ਮਰਸੀਆ, ਰੁਬਾਈ, ਸ਼ਬਦ, ਸ਼ਲੋਕ, ਭਜਨ, ਹਮਦ, ਨਕਸ਼ੋਗਲ, ਨਕਸ਼ਨਿਗਾਰ, ਸ਼ੀਹਰਫੀ, ਰੰਗ, ਠੁਮਰੀ, ਮਸਨਵੀ ਆਦਿ ਗਾਇਨ ਸ਼ੈਲੀਆਂ ਸਮਕਾਲੀ ਰਹੀਆਂ। ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਨੇ ਰਾਸ਼ਟਰੀ ਏਕਤਾ ਅਤੇ ਭਾਵਨਾਤਮਕ ਏਕਤਾ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਹੀ ਅਹਿਮ ਭੂਮਿਕਾ ਨਿਭਾਈ ਹੈ। ਅਜਿਹੇ ਸੰਗੀਤ ਸਦਕਾ ਹੀ ਮਾਨਵ ਆਦਰਸ਼, ਨੈਤਿਕਤਾ, ਧਰਮ ਨਿਰਪੱਖਤਾ, ਦੇਸ਼ ਪ੍ਰੇਮ ਅਤੇ ਅਧਿਆਤਮਿਕ ਜੀਵਨ ਮੁੱਲਾਂ ਨੂੰ ਆਪਣੇ ਜੀਵਨ ਵਿਚ ਆਤਮਸਾਤ ਕਰਦਾ ਹੈ।

ਪ੍ਰਸਤੁਤ ਖੋਜ ਕਾਰਜ ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ : ਸਮਕਾਲੀ ਪਰਿਪੇਖ ਦੀ ਚੋਣ ਦਾ ਮੂਲ ਕਾਰਨ ਖੋਜਾਰਥਣ ਦਾ ਅਧਿਆਤਮਿਕ ਸੰਗੀਤ ਨਾਲ ਲਗਾਵ ਹੈ। ਗੁਰਬਾਣੀ ਦੇ ਅੰਤਰਗਤ ਕੀਰਤਨ ਸੁਨਣ ਸਮੇਂ ਸੰਗੀਤਕ ਪੱਖ ਵੱਲ ਵਧੇਰੇ ਰੁਚੀ ਦੇ ਕਾਰਨ ਜਦੋਂ ਕੀਰਤਨ ਵਿਚ ਸ਼ਲੋਕਾਂ ਦਾ ਗਾਇਨ ਸੁਣਿਆ ਅਤੇ ਇਨ੍ਹਾਂ ਹੀ ਸ਼ਲੋਕਾਂ ਦਾ ਗਾਇਨ ਦਰਗਾਹ ਤੇ ਵੀ ਹੁੰਦਾ ਸੁਣਿਆ ਤਾਂ ਖੋਜਾਰਥਣ ਦੇ ਜਹਿਨ ਵਿਚ ਅਨੇਕਾਂ ਜਗਿਆਸਾਵਾਂ ਪੈਦਾ ਹੋਈਆਂ। ਇਨ੍ਹਾਂ ਜਗਿਆਸਾਵਾਂ ਦੀ ਪੂਰਤੀ ਹੇਤੂ ਖੋਜਾਰਥਣ ਨੇ ਪ੍ਰਸਤੁਤ ਖੋਜ ਵਿਸ਼ੇ ਦੀ ਚੋਣ ਕੀਤੀ।

ਖੋਜਾਰਥਣ ਨੇ ਆਪਣੇ ਖੋਜ ਦੇ ਵਿਸ਼ੇ "ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ : ਸਮਕਾਲੀ ਪਰਿਪੇਖ" ਨੂੰ ਸੱਤ ਅਧਿਆਇਆਂ ਵਿਚ ਵੰਡਿਆ ਹੈ।

ਪਹਿਲੇ ਅਧਿਆਇ 'ਪ੍ਰਾਚੀਨ ਭਗਤੀ ਗੀਤ ਕਾਵਿ: ਸਮਕਾਲੀ ਪਰਿਪੇਖ' ਦੇ ਅੰਤਰਗਤ ਭਗਤੀ ਦੇ ਆਰੰਭਿਕ ਕਾਲ ਤੋਂ ਮਨੁੱਖ ਅੰਦਰ ਭਗਤੀ ਭਾਵਨਾ ਦਾ ਉਦੈ ਅਤੇ ਆਪਣੇ ਜੀਵਨ ਨੂੰ ਸੁੱਖ ਸਮਰਿਧੀ ਨਾਲ ਭਰਪੂਰ ਕਰਨ ਲਈ ਪ੍ਰਾਕ੍ਰਿਤਕ ਪੂਜਾ ਦਾ ਵਰਨਣ ਹੈ। ਭਗਤੀ ਦੇ ਸ਼ਾਬਦਿਕ ਅਰਥਾਂ ਦਾ ਉਲੇਖ ਕਰਦੇ ਹੋਏ ਧਰਮ ਦੀ ਵਿਆਖਿਆ ਅਤੇ ਧਰਮ ਦੇ ਸ਼ਾਬਦਿਕ ਅਰਥ ਦਿੱਤੇ ਗਏ ਹਨ। ਭਗਤੀ ਅਤੇ ਧਰਮ ਦੇ ਪ੍ਰਚਾਰ ਲਈ ਗੀਤ ਕਾਵਿ ਦਾ ਉਲੇਖ ਕਰਦੇ ਹੋਏ ਵੇਦਾਂ ਨੂੰ ਸਭ ਤੋਂ ਪ੍ਰਾਚੀਨ ਲਿਖਤ ਧਾਰਮਿਕ ਗ੍ਰੰਥ ਵਜੋਂ ਮਾਨਤਾ ਦਿੰਦੇ ਹੋਏ ਰਮਾਇਣ, ਮਹਾਂਭਾਰਤ, ਉਪਨਿਸ਼ਦ, ਨਾਰਦਸੂਤਰ, ਸ੍ਰੀਮਦ ਭਾਗਵਤ ਗੀਤਾ ਵਿਚ ਸੰਗੀਤਕ ਭਗਤੀ ਕਾਵਿ ਦਾ ਉਲੇਖ ਕੀਤਾ ਹੈ।

ਦੂਸਰੇ ਅਧਿਆਇ 'ਸੰਬੰਧਿਤ ਸਾਹਿਤ ਦਾ ਪੁਨਰ ਅਵਲੋਕਨ' ਦੇ ਅੰਤਰਗਤ ਖੋਜਾਰਥਣ ਵੱਲੋਂ ਖੋਜ ਵਿਸ਼ੇ ਨਾਲ ਸੰਬੰਧਿਤ ਮੁੱਖ ਖੋਜ ਕਾਰਜਾਂ ਦੀ ਜਾਣਕਾਰੀ ਦਿੱਤੀ ਗਈ ਹੈ। ਇਸ ਅਧਿਆਇ ਦੇ ਅੰਤਰਗਤ ਹੀ ਖੋਜ ਕਾਰਜ ਦੀ ਵਿਧੀ, ਖੋਜ ਕਾਰਜ ਦਾ ਮਹੱਤਵ, ਖੋਜ ਵਿਸ਼ੇ ਦਾ ਉਦੇਸ਼, ਖੋਜ ਕਾਰਜ ਦੀ ਸੀਮਾ ਰੇਖਾ ਬਾਰੇ ਸੰਖੇਪ ਵਿਚ ਵਰਣਨ ਕੀਤਾ ਹੈ।

ਤੀਸਰੇ ਅਧਿਆਇ 'ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ : ਵਿਭਿੰਨ ਇਤਿਹਾਸਿਕ ਪਰਿਪੇਖ' ਦੇ ਅੰਤਰਗਤ ਸੰਗੀਤਕ ਨਾਦ ਦੀ ਵੈਦਿਕ ਪਰੰਪਰਾ ਸਾਮਗਾਨ, ਜਾਤੀ ਗਾਇਨ ਪ੍ਰਬੰਧ ਦਾ ਵਰਣਨ ਕਰਦੇ ਹੋਏ ਮੱਧ ਕਾਲ ਦੇ ਭਗਤੀ ਅੰਦੋਲਨ ਵਿਚ ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਦੇ ਸੰਦਰਭ ਵਿਚ ਭਾਰਤੀ ਸੰਸਕ੍ਰਿਤੀ ਦੀ ਭਗਤੀ ਲਹਿਰ ਅਤੇ ਮੁਸਲਿਮ ਸੰਸਕ੍ਰਿਤੀ ਦੀ ਭਗਤੀ ਲਹਿਰ ਦਾ ਵਰਣਨ ਕੀਤਾ ਹੈ। ਮੱਧਕਾਲ ਦੇ ਭਗਤੀ ਅੰਦੋਲਨ ਵਿਚ ਸੰਗੀਤਕ ਨਾਦ ਦੀ ਸਾਂਝੀ ਵਾਲਤਾ ਦਾ ਵਰਨਣ ਹੈ। ਸੂਫ਼ੀਮਤ ਨੂੰ ਦਰਸਾਉਣ ਹੇਤੂ ਸੂਫ਼ੀ ਸ਼ਬਦ ਦੀ ਪਰਿਭਾਸ਼ਾ, ਸ਼ਾਬਦਿਕ ਅਰਥ, ਸੂਫ਼ੀ ਪਰੰਪਰਾ ਦਾ ਇਤਿਹਾਸਿਕ ਪਿਛੋਕੜ, ਸੂਫ਼ੀਮਤ, ਸੂਫ਼ੀਆਂ ਦੀ ਭਾਰਤ ਵਿਚ ਆਮਦ ਅਤੇ ਸੂਫ਼ੀਆਂ ਦੀਆਂ ਵਿਭਿੰਨ ਸੰਪ੍ਰਦਾਵਾਂ ਦਾ ਵਰਣਨ ਹੈ। ਸੂਫ਼ੀ ਸਾਧਨਾ ਦੇ ਅੰਤਰਗਤ ਸੰਗੀਤ ਦੀ ਮਹਿਫ਼ਿਲ ਸਮਾਅ ਦਾ ਵਰਣਨ ਹੈ। ਉਰਸ ਦੇ ਮੌਕੇ ਤੇ ਵੀ ਸਮਾਅ ਦੀਆ ਮਹਿਫ਼ਿਲਾਂ ਦੇ ਮਹੱਤਵ ਤੇ ਚਾਨਣਾ ਪਾਇਆ ਹੈ।

ਚੌਥੇ ਅਧਿਆਇ 'ਸੂਫ਼ੀ ਸੰਗੀਤ ਅਤੇ ਹਿੰਦੁਸਤਾਨੀ ਸੰਗੀਤ ਦੇ ਸਮਕਾਲੀ ਸੂਫ਼ੀ ਸੰਤਾਂ ਦਾ ਸੰਗੀਤਕ ਅਧਿਐਨ' ਦੇ ਅੰਤਰਗਤ ਸੂਫ਼ੀ ਸੰਤਾਂ ਅਤੇ ਹਿੰਦੁਸਤਾਨੀ ਸੰਤਾਂ ਦਾ ਸੰਗੀਤ ਅਤੇ ਸਾਹਿਤ ਵਿਚ ਦੇਣ ਨੂੰ ਦਰਸਾਉਣ ਲਈ ਪ੍ਰਮੁੱਖ ਸੂਫ਼ੀ ਅਤੇ ਸੰਤਾਂ ਦਾ ਵਰਣਨ ਕੀਤਾ ਹੈ।

ਪੰਜਵਾਂ ਅਧਿਆਇ 'ਸੂਫ਼ੀ ਅਤੇ ਹਿੰਦੁਸਤਾਨੀ ਸੰਗੀਤ : ਗਾਇਨ ਸ਼ੈਲੀਆਂ ਦੇ ਸੰਦਰਭ ਵਿਚ' ਹਿੰਦੁਸਤਾਨੀ ਸੂਫ਼ੀ ਸੰਗੀਤ ਦੀਆਂ ਮੱਧ ਕਾਲ ਵਿਚ ਪ੍ਰਚਲਿਤ ਅਧਿਆਤਮਿਕ ਗਾਇਨ ਸ਼ੈਲੀਆਂ ਦਾ ਵਰਣਨ ਕਰਦੇ ਹੋਏ, ਧਰੁਪਦ, ਧਮਾਰ, ਕੱਵਾਲੀ, ਗ਼ਜ਼ਲ, ਕਾਫ਼ੀ, ਸ਼ਬਦ, ਭਜਨ, ਸ਼ਲੋਕ, ਨਾਂਅਤ, ਰੰਗ, ਮਰਸੀਆ, ਸੀਹਰਫ਼ੀ, ਨਕਸ਼ੋਗੁਲ, ਰੁਬਾਈ, ਠੁਮਰੀ, ਖ਼ਿਆਲ ਆਦਿ ਦਾ ਸੰਖੇਪ ਵਿਚ ਵਰਣਨ ਹੈ।

ਛੇਵੇਂ ਅਧਿਆਇ 'ਸੂਫ਼ੀ ਸੰਗੀਤ ਅਤੇ ਹਿੰਦੁਸਤਨੀ ਸੰਗੀਤ : ਵਰਤਮਾਨ ਸੰਦਰਭ' ਦੇ ਅੰਤਰਗਤ ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਦੇ ਸਰੂਪ ਨੂੰ ਜਾਨਣ ਸੰਬੰਧੀ ਸੰਗੀਤ ਦੇ ਖੇਤਰ ਦੇ ਸੰਗੀਤਕ ਅਚਾਰਿਆ ਅਤੇ ਪ੍ਰਮੁੱਖ ਕਲਾਕਾਰਾਂ ਨਾਲ ਭੇਂਟਵਾਰਤਾ ਕਰਕੇ ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਦੇ ਆਧੁਨਿਕ ਸਰੂਪ ਨੂੰ ਉਜਾਗਰ ਕੀਤਾ ਹੈ। ਹਿੰਦੁਸਤਾਨੀ ਅਤੇ ਸੂਫ਼ੀ ਸੰਗੀਤ ਦੀਆਂ ਸ਼ੈਲੀਆਂ ਜੋ ਕਿ ਪ੍ਰਚਾਰ ਪ੍ਰਸਾਰ ਵਿਚ ਹਨ ਦੀ ਸੁਰਲਿੱਪੀ ਦੇ ਕੇ ਗਾਇਨ ਸ਼ੈਲੀਆਂ ਦੇ ਸਰੂਪ ਨੂੰ ਸਪੱਸ਼ਟ ਕੀਤਾ ਹੈ।

ਸੱਤਵੇਂ ਅਤੇ ਅੰਤਿਮ ਅਧਿਆਇ ਵਿਚ 'ਅਧਿਐਨ ਦਾ ਸਾਰ, ਵਿਸ਼ਲੇਸ਼ਣ, ਸਿੱਟੇ ਅਤੇ ਭਵਿੱਖ ਮੁੱਖੀ ਸੰਭਾਵਨਾਵਾਂ' ਦਾ ਵੇਰਵਾ ਦਿੱਤਾ ਹੈ।

ਖੋਜ ਪ੍ਰਬੰਧ ਦੇ ਅੰਤ ਵਿਚ ਪਰਿਸ਼ਿਸ਼ਟ ਅਤੇ ਸੰਦਰਭ ਗ੍ਰੰਥ ਸੂਚੀ ਦਿੱਤੀ ਗਈ ਹੈ।